# ਆਪਣੀ ਹੀਅਰਿੰਗ ਟਿਊਬ ਨੂੰ ਲਗਾਉਣਾ - ਸਲਿਮ ਟਿਊਬ

1 ਮੁਲਾਇਮ ਸਿਰੇ ਨੂੰ ਤੁਹਾਡੇ ਸਿਰ ਵੱਲ ਰੱਖਦਿਆਂ ਹੀਅਰਿੰਗ ਏਡ ਨੂੰ ਆਪਣੇ ਕੰਨ ਦੇ ਪਿੱਛੇ ਲਗਾਓ।



2 ਮੁਲਾਇਮ ਸਿਰੇ ਨੂੰ ਆਪਣੇ ਕੰਨ ਦੇ ਅੰਦਰ ਵੱਲ ਧੱਕੋ ਇਸਦਾ ਪਿਛਲਾ ਪਾਸਾ ਪਿਛਾਂਹ ਵੱਲ ਨੂੰ ਹੋਣਾ ਚਾਹੀਦਾ ਹੈ।



3 ਏਡ ਦੇ ਪਿਛਲੇ ਪਾਸੇ ਨੂੰ ਕੰਨ ਦੇ ਢੱਕਣ ਵਿਚ ਮੋੜ ਦਿਓ।



4 ਸਹੀ ਤਰ੍ਹਾਂ ਫਿਟ ਕੀਤੀ ਏਡ।



ਕਿਰਪਾ ਕਰਕੇ ਨੋਟ ਕਰੋ ਕਿ ਜੇ ਤੁਸੀ ਸੱਜੇ ਪਾਸੇ ਦੀ ਹੀਅਰਿੰਗ ਏਡ ਨੂੰ ਫਿੱਟ ਕਰ ਰਹੇ ਹੋ ਤਾਂ ਆਪਣੇ ਸੱਜੇ ਹੱਥ ਦੀ ਵਰਤੋਂ ਕਰੋ, ਜੇ ਖੱਬੇ ਪਾਸੇ ਦੀ ਹੀਅਰਿੰਗ ਏਡ ਨੂੰ ਫਿੱਟ ਕਰ ਰਹੇ ਹੋ ਤਾਂ ਖੱਬੇ ਹੱਥ ਦੀ ਵਰਤੋਂ ਕਰੋ।

# ਆਪਣੀ ਹੀਅਰਿੰਗ ਏਡ ਦੀ ਸਫ਼ਾਈ ਕਰਨਾ




1 ਟਿਊਬਿੰਗ ਨੂੰ ਹੀਅਰਿੰਗ ਏਡ ਤੇ ਲੱਗੀ ਹੁੱਕ ਦੇ ਸਾਹਮਣੇ ਵਾਲੇ ਪਾਸੇ ਤੋਂ ਘੜੀ ਦੀਆਂ ਸੂਈਆਂ ਦੀ ਦਿਸ਼ਾ ਵੱਲ ਘੁਮਾਓ। ਹੁੱਕ ਦੇ ਵਿਚ ਇਕ ਫਿਲਟਰ ਲੱਗਾ ਹੈ ਜੋ ਸਫ਼ਾਈ ਵਾਲੀ ਤਾਰ ਨੂੰ ਅੱਗੇ ਨਹੀ ਜਾਣ ਦਿੰਦਾ।



2 ਸਫ਼ਾਈ ਵਾਲੀ ਤਾਰ ਨੂੰ ਟਿਊਬਿੰਗ ਦੇ ਵਿਚ ਸਿਖਰ ਤੋਂ ਹੇਠਾਂ ਵੱਲ ਹਲਕਾ ਜਿਹਾ ਧੱਕੋ। ਸਫ਼ਾਈ ਵਾਲੀ ਤਾਰ ਨੂੰ ਪੂਰੇ ਰਸਤੇ ਵਿਚੋਂ ਲੰਘਾ ਦਿਓ।



3 ਟਿਊਬਿੰਗ ਦੇ ਸਿਰੇ ਤੇ ਆਉਣ ਵਾਲੀ ਕਿਸੇ ਵੀ ਸਮੱਗਰੀ ਨੂੰ ਹਟਾ ਦਿਓ ਅਤੇ ਕਿਸੇ ਤਰ੍ਹਾਂ ਦੀ ਵਾਧੂ ਵੈਕਸ ਨੂੰ ਹਟਾਉਣ ਲਈ ਡੋਮ ਨੂੰ ਪੂੰਝੋ।



4 ਟਿਊਬਿੰਗ ਨੂੰ ਹਲਕੇ ਜਿਹੇ ਵਾਪਸ ਹੁੱਕ ਤੇ ਧੱਕੋ ਅਤੇ ਇਸਦੇ ਬਾਅਦ ਇਸਨੂੰ ਘੜੀ ਦੀਆਂ ਸੂਈਆਂ ਤੋਂ ਉਲਟ ਦਿਸ਼ਾ ਵਿਚ ਘੁਮਾਓ ਜਦੋਂ ਤੱਕ ਟਿਊਬਿੰਗ ਵਾਪਸ ਆਪਣੀ ਮੂਲ ਸਥਿਤੀ ਵਿਚ ਨਹੀ ਪਹੁੰਚ ਜਾਂਦੀ। ਟਿਊਬ ਨੂੰ ਵੱਲ ਪੈਣ ਜਾਂ ਜ਼ਿਆਦਾ ਕੱਸਣ ਤੋਂ ਬਚੋ।



ਕਿਰਪਾ ਕਰਕੇ ਨੋਟ ਕਰੋ: ਟਿਊਬਿੰਗ ਨੂੰ ਹਰ 4-6 ਮਹੀਨਿਆਂ ਬਾਅਦ ਬਦਲਿਆ ਜਾਣਾ ਚਾਹੀਦਾ ਹੈ

ਐਨ ਐਚ ਐਸ (NHS) ਲਈ ਸਹੀ ਵਿਕਲਪ

danalogic GN

UK 02.09 C.6.2018